ਪੰਜਾਬ ਸਰਕਾਰ
ਟਰਾਂਸਪੋਰਟ ਵਿਭਾਗ
(ਟਰਾਂਸਪੋਰਟ-2 ਸਾਖਾ)
(transport2branch@gmail.com)

## ਦਫਤਰੀ ਹੁਕਮ

ਪੰਜਾਬ ਰਾਜ ਵਿੱਚ ਪ੍ਰਦੂਸ਼ਣ ਚੈੱਕ ਸੈਂਟਰ ਸਥਾਪਤ ਕਰਨ ਲਈ ਸਰਕਾਰ ਪੱਧਰ ਤੇ ਫੈਸਲਾ ਲਿਆ ਗਿਆ ਹੈ ਕਿ ਪ੍ਰਦੂਸ਼ਣ ਚੈੱਕ ਸੈਂਟਰ ਸਥਾਪਤ ਕਰਨ ਲਈ ਹੇਠ ਦਰਸਾਏ ਦਿਸ਼ਾਂ-ਨਿਰਦੇਸ਼ਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:-

1. ਪ੍ਰਾਰਥੀ ਆਪਣੀ ਪ੍ਰਤੀਬੇਨਤੀ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਨੂੰ ਸੰਬੋਧਨ ਕਰੇਗਾ, ਜਿਸ ਨਾਲ ਹੇਠ ਅਨੁਸਾਰ ਦਸਤਾਵੇਜ ਨੱਥੀ ਕਰਨੇ ਲੋੜੀਂਦੇ ਹੋਣਗੇ:-
   a) ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਨੂੰ ਲਿਖੀ ਗਈ ਪ੍ਰਤੀਬੇਨਤੀ।
   b) ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਪ੍ਰਦੂਸ਼ਣ ਚੈੱਕ ਸੈਂਟਰ ਸਥਾਪਤ ਕਰਨ ਸਬੰਧੀ ਨਿਰਧਾਰਤ ਭਰੀ ਗਈ ਫੀਸ ਦੀ ਰਸੀਦ । (ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਵੱਲੋਂ ਤਸਦੀਕਸ਼ੁਦਾ)
   c) ਪ੍ਰਦੂਸ਼ਣ ਚੈੱਕ ਕਰਨ ਲਈ ਖਰੀਦਿਆਂ ਗਈਆ ਮਸ਼ੀਨਾ ਦੇ ਬਿੱਲ ਦੀ ਕਾਪੀ। (ਮਸ਼ੀਨਾਂ ਏ.ਆਈ.ਏ.ਆਈ.ਪੂਨੇ ਜਾਂ ਕਿਸੇ ਹੋਰ ਟੈਸਟਿੰਗ ਅਥਾਰਿਟੀ ਜੋ ਸੈਂਟਰਲ ਮੋਟਰ ਗੱਡੀ ਰੂਲਜ,1989 ਤਹਿਤ ਪ੍ਰੈਸਕਰਾਇਬ ਹੋਣੀਆਂ ਚਾਹੀਦੀਆਂ ਹਨ)
   d) ਜਿਸ ਜਗ੍ਹਾਂ ਤੇ ਪ੍ਰਦੂਸ਼ਣ ਚੈੱਕ ਸੈਂਟਰ ਖੋਲਿਆਂ ਜਾਣਾ ਹੈ, ਉਸ ਸਬੰਧੀ ਸਬੂਤੀ ਦਸਤਾਵੇਜ਼, ਭਾਵ ਆਪ ਮਾਲਕ ਹੈ ਜਾਂ ਕਿਰਾਏ ਤੇ ਲਿਆ ਜਾਣਾ ਹੈ। ਜੇਕਰ ਜਗ੍ਹਾਂ ਕਿਰਾਏ ਤੇ ਲਈ ਜਾਣੀ ਹੈ ਤਾਂ ਉਸ ਸਬੰਧੀ ਘੱਟੋ-ਘੱਟ ਇੱਕ ਸਾਲ ਦਾ ਕਿਰਾਏਨਾਮਾ। ਜੇਕਰ ਪ੍ਰਦੂਸ਼ਣ ਚੈੱਕ ਸੈਂਟਰ ਕਿਸੇ ਪੈਟਰੋਲ ਪੰਪ ਤੇ ਸਥਾਪਤ ਕਰਨਾ ਹੈ ਤਾਂ ਪੈਟਰੋਲ ਪੰਪ ਮਾਲਕ ਦੀ ਐਨ.ਓ.ਸੀ ਲੋੜੀਂਦੀ ਹੋਵੇਗੀ।
   e) ਜਿਸ ਜਗ੍ਹਾਂ ਤੇ ਪ੍ਰਦੂਸ਼ਣ ਚੈੱਕ ਸੈਂਟਰ ਖੋਲਿਆਂ ਜਾਣਾ ਹੈ, ਉਸਦਾ ਕਿਸੇ ਵੀ Architect ਵਲੋਂ ਮੰਨਜੂਰਸ਼ੁਦਾ ਨਕਸ਼ਾ।
   f) ਯੋਗਤਾ ਸਰਟੀਫਿਕੇਟ। (ਪੈਰਾ-2 ਅਨੁਸਾਰ)
2. <u>ਪ੍ਰਦੂਸ਼ਣ ਚੈਕ ਸੈਂਟਰ ਤੇ ਕੰਮ ਕਰਨ ਲਈ ਲੋੜੀਂਦੀ ਯੋਗਤਾ:-</u> ਪ੍ਰਦੂਸ਼ਣ ਚੈੱਕ ਸੈਂਟਰ ਤੇ ਕੰਮ ਕਰਨ ਲਈ ਪ੍ਰਾਰਥੀ ਕੋਲ ਮਕੈਨੀਕਲ/ਆਟੋਮੋਬਾਈਲ ਇੰਜੀਨੀਅਰ ਦਾ ਡਿਪਲੋਮਾ/ਡਿਗਰੀ ਹੋਲਡਰ ਦੀ ਯੋਗਤਾ ਹੋਣੀ ਲੋੜੀਂਦੀ ਹੈ। ਜੇਕਰ ਪ੍ਰਾਰਥੀ ਕੋਲ ਇਹ ਵਿਦਿੱਅਕ ਯੋਗਤਾ ਨਹੀਂ ਹੈ ਤਾਂ ਕਿਸੇ ਦੂਜੇ ਵਿਅਕਤੀ ਜੋ ਕਿ ਮਕੈਨੀਕਲ/ਆਟੋਮੋਬਾਈਲ ਡਿਗਰੀ/ਡਿਪਲੋਮਾ ਹੋਲਡਰ ਹੈ, ਨੂੰ ਨੌਕਰੀ ਤੇ ਰੱਖਣ ਸਬੰਧੀ ਹਲਫੀਆਂ ਬਿਆਨ ਦੇਣਾ ਲੋੜੀਂਦਾ ਹੋਵੇਗਾ।
3. ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਵੱਲੋਂ ਪ੍ਰਤੀਬੇਨਤੀ ਦੇ ਦਸਤਾਵੇਜ਼ ਚੈੱਕ ਕਰਨ ਉਪਰੰਤ ਮੋਟਰ ਗੱਡੀ ਇੰਸਪੈਕਟਰ ਨੂੰ ਐਨ.ਓ.ਸੀ ਦੇਣ ਲਈ ਲਿਖੇਗਾ। ਮੋਟਰ ਗੱਡੀ ਇੰਸਪੈਕਟਰ ਵੱਲੋਂ ਇਹ ਐਨ.ਓ.ਸੀ ਇੱਕ ਹਫਤੇ ਵਿੱਚ-ਵਿੱਚ ਦੇਣੀ ਯਕੀਨੀ ਬਣਾਈ ਜਾਵੇਗੀ।
4. ਮੋਟਰ ਗੱਡੀ ਇੰਸਪੈਕਟਰ ਵੱਲੋਂ ਨਿੱਜੀ ਤੌਰ ਤੇ ਪ੍ਰਦੂਸ਼ਣ ਚੈੱਕ ਸੈਂਟਰ ਦਾ ਮੁਆਇਨ੍ਹਾਂ/ਪੁਸ਼ਟੀ ਕਰਨ ਉਪਰੰਤ ਇਹ ਐਨ.ਓ.ਸੀ ਦਿੱਤੀ ਜਾਵੇਗੀ ਕਿ:-
   a) ਪ੍ਰਦੂਸ਼ਣ ਚੈੱਕ ਸੈਂਟਰ ਸਥਾਪਤ ਕਰਨ ਸਬੰਧੀ ਜਗ੍ਹਾਂ ਦਾ ਮੁਆਇਨ੍ਹਾ ਕੀਤਾ ਜਾਵੇਗਾ, ਜਿਵੇ ਕਿ ਉਥੇ ਗੱਡੀਆਂ ਖੜ੍ਹੀਆਂ ਕਰਨ ਲਈ ਲੋੜੀਂਦੀ ਜਗ੍ਹਾਂ ਹੈ ਆਦਿ।
   b) ਪ੍ਰਾਰਥੀ ਵੱਲੋਂ ਲਈਆਂ ਗਈਆਂ ਮਸ਼ੀਨਾ ਠੀਕ ਕੰਮ ਕਰ ਰਹੀਆਂ ਹਨ ਅਤੇ ਮਸ਼ੀਨਾਂ ਏ.ਆਈ.ਏ.ਆਈ.ਪੂਨੇ ਜਾਂ ਕਿਸੇ ਹੋਰ ਟੈਸਟਿੰਗ ਅਥਾਰਿਟੀ ਜੋ ਸੈਂਟਰਲ ਮੋਟਰ ਗੱਡੀ ਰੂਲਜ,1989 ਤਹਿਤ ਪ੍ਰੈਸਕਰਾਇਬ ਹਨ ਜਾਂ ਨਹੀਂ।

P.T.O

c) ਕੰਪਨੀ ਵੱਲੋਂ (ਜਿਸਤੋਂ ਬਿਨੈਕਾਰ ਵੱਲੋਂ ਪ੍ਰਦੂਸ਼ਣ ਚੈੱਕ ਕਰਨ ਲਈ ਮਸ਼ੀਨ ਖਰੀਦੀ ਗਈ ਹੈ) ਹਰ 4 ਮਹੀਨੇ ਬਾਅਦ ਮਸ਼ੀਨਾਂ ਦੀ ਕੈਲੀਬਰੇਸ਼ਨ ਚੈੱਕ ਕੀਤੀ ਜਾਂਦੀ ਹੈ ਅਤੇ ਰਿਪੋਰਟ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਦੀ ਆਈ.ਡੀ ਵਿੱਚ ਭੇਜੀ ਜਾਂਦੀ ਹੈ। ਹੁਣ NIC ਨੂੰ ਲਿਖ ਕੇ ਇਸ ਵਿੱਚ ਸੋਧ ਕਰ ਲਈ ਜਾਵੇ, ਕਿ ਕੈਲੀਬਰੇਸ਼ਨ ਰਿਪੋਰਟ ਮੋਟਰ ਗੱਡੀ ਇੰਸਪੈਕਟਰ ਦੀ ਆਈ.ਡੀ ਵਿੱਚੋਂ ਹੋ ਕੇ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ. ਦੀ ਆਈ.ਡੀ ਵਿੱਚ ਜਾਵੇ। ਕਿਸੇ ਪ੍ਰਦੂਸ਼ਣ ਚੈੱਕ ਸੈਂਟਰ ਦੀ ਕੈਲੀਬਰੇਸ਼ਨ ਦੀ ਰਿਪੋਰਟ ਸ਼ੱਕੀ ਹੋਣ ਤੇ ਐਮ.ਵੀ.ਆਈ ਵੱਲੋਂ ਚੈਕਿੰਗ ਕੀਤੀ ਜਾਵੇਗੀ।

5. ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਵੱਲੋਂ ਮੋਟਰ ਗੱਡੀ ਇੰਸਪੈਕਟਰ ਦੀ ਐਨ.ਓ.ਸੀ ਮਿਲਣ ਅਤੇ ਪੈਰਾਂ ਨੰ.1 ਵਿੱਚ ਦਰਜ ਦਸਤਾਵੇਜ ਪੂਰੇ ਹੋਣ ਉਪਰੰਤ, ਈ-ਆਫਿਸ ਰਾਹੀਂ ਮਿਸਲ ਬਣਾਉਂਦੇ ਹੋਏ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੇ ਜਾਣਗੇ। ਦਸਤਾਵੇਜ਼ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਵੱਲੋਂ ਪ੍ਰਾਰਥੀ ਨੂੰ ਦਸਤਾਵੇਜ਼ ਪੂਰੇ ਕਰਨ ਲਈ ਲਿਖਿਆ ਜਾਵੇਗਾ।

6. ਸਟੇਟ ਟਰਾਂਸਪੋਰਟ ਕਮਿਸ਼ਨਰ ਵੱਲੋਂ ਈ-ਆਫਿਸ ਰਾਹੀਂ ਸਕੱਤਰ ਆਰ.ਟੀ.ਏ/ਆਰ.ਟੀ.ਓ. ਵੱਲੋਂ ਪ੍ਰਾਪਤ ਦਸਤਾਵੇਜਾ ਦੀ ਪੁਸ਼ਟੀ ਕਰਨ ਉਪਰੰਤ ਆਨ-ਲਾਈਨ ਮਿਸਲ ਸਰਕਾਰ ਪੱਧਰ ਤੇ ਦਿੱਤੀ ਜਾਣ ਵਾਲੀ ਪ੍ਰਵਾਨਗੀ ਲਈ ਸਰਕਾਰ ਨੂੰ ਭੇਜੀ ਜਾਵੇਗੀ। ਦਸਤਾਵੇਜ਼ ਪੂਰੇ ਨਾ ਹੋਣ ਦੀ ਸੂਰਤ ਵਿੱਚ ਈ-ਆਫਿਸ ਮਿਸਲ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਨੂੰ ਤਰੁੱਟੀਆਂ ਦੂਰ ਕਰਨ ਲਈ ਵਾਪਿਸ ਭੇਜ ਦਿੱਤੀ ਜਾਵੇਗੀ।

7. ਪ੍ਰਦੂਸ਼ਣ ਚੈੱਕ ਸੈਂਟਰ ਸਥਾਪਤ ਕਰਨ ਦੀ ਪ੍ਰਵਾਨਗੀ ਲਈ ਸਮਰੱਥ ਅਥਾਰਟੀ ਵਿਭਾਗ ਦਾ ਪ੍ਰਬੰਧਕੀ ਸਕੱਤਰ ਹੋਵੇਗਾ। ਸਰਕਾਰ ਪੱਧਰ ਤੇ ਪ੍ਰਵਾਨਗੀ ਲਈ ਸਿਰਫ ਉਹੀ ਈ-ਆਫਿਸ ਮਿਸਲ ਭੇਜੀ ਜਾਵੇਗੀ, ਜਿਸਦੇ ਦਸਤਾਵੇਜ਼ ਪੂਰਨ ਤੌਰ ਤੇ ਮੁਕੰਮਲ ਹੋਣਗੇ।

8. ਸਰਕਾਰ ਪੱਧਰ ਤੇ ਦਸਤਾਵੇਜਾਂ ਦੀ ਮੁਕੰਮਲ ਪੁਸ਼ਟੀ ਕਰਨ ਉਪਰੰਤ ਪ੍ਰਵਾਨਗੀ ਜਾਰੀ ਕਰ ਦਿੱਤੀ ਜਾਵੇਗੀ ਅਤੇ ਈ-ਆਫਿਸ ਮਿਸਲ ਵਾਪਿਸ ਸਟੇਟ ਟਰਾਂਸਪੋਰਟ ਕਮਿਸ਼ਨਰ,, ਪੰਜਾਬ ਵਿਖੇ ਭੇਜ ਦਿੱਤੀ ਜਾਵੇਗੀ।

9. ਸਰਕਾਰ ਪੱਧਰ ਤੇ ਪ੍ਰਵਾਨਗੀ ਮਿਲਣ ਉਪਰੰਤ ਸਟੇਟ ਟਰਾਂਸਪੋਰਟ ਕਮਿਸ਼ਨਰ ਆਪਣੀ ਲੋੜੀਂਦੀ ਪ੍ਰਵਾਨਗੀ ਜਾਰੀ ਕਰਦੇ ਹੋਏ ਈ-ਆਫਿਸ ਮਿਸਲ ਵਾਪਿਸ ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਨੂੰ ਭੇਜ ਦਿੱਤੀ ਜਾਵੇਗੀ।

10. ਸਬੰਧਤ ਸਕੱਤਰ ਆਰ.ਟੀ.ਏ/ਆਰ.ਟੀ.ਓ ਆਪਣੇ ਹਸਤਾਖਰਾਂ ਹੇਠ ਪ੍ਰਾਰਥੀ ਨੂੰ ਲੋੜੀਂਦੀ ਪ੍ਰਵਾਨਗੀ/ਸਰਟੀਫਿਕੇਟ ਜਾਰੀ ਕਰੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ,ਚੰਡੀਗੜ੍ਹ;
<u>10.08.2023</u>

ਦਿਲਰਾਜ ਸਿੰਘ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ,
ਟਰਾਂਸਪੋਰਟ ਵਿਭਾਗ।

ਪਿੱ.ਅੰ.ਨੰ. 10/15/2023-5ਟੀ2/1420 ਮਿਤੀ,ਚੰਡੀਗੜ੍ਹ; 17/8/23

ਉਤਾਰਾ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਇਨ੍ਹਾਂ ਦਿਸ਼ਾਂ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਨ੍ਹਾਂ ਦਿਸ਼ਾਂ ਨਿਰਦੇਸ਼ਾਂ ਨੂੰ ਆਪਣੀ ਆਨ-ਲਾਈਨ ਸਰਕਾਰੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ। ਇਸਤੋਂ ਇਲਾਵਾ ਪੰਜਾਬ ਰਾਜ ਦੇ ਸਮੂਹ ਸਕੱਤਰ ਆਰ.ਟੀ.ਏ/ਆਰ.ਟੀ.ਓ ਨੂੰ ਇਨ੍ਹਾਂ ਦਿਸ਼ਾਂ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਸਬੰਧੀ ਆਪਣੇ ਪੱਧਰ ਤੇ ਵੀ ਹਦਾਇਤ ਕੀਤੀ ਜਾਵੇ ਜੀ।

18/8/23
(ਸਤਵਿੰਦਰ ਸਿੰਘ)
ਸੁਪਰਡੰਟ